BRAMPTON
Flower City
brampton.ca

media release

7 ਦਸੰਬਰ, 2018

**ਬ੍ਰੈਂਪਟਨ ਐਨੀਮਲ ਸ਼ੈਲਟਰ ਦੇ ਨਾਲ ਕ੍ਰਿਸਮਸ ਦੇ 12 ਦਿਨਾਂ ਦਾ ਜਸ਼ਨ ਮਨਾਓ!**

ਬ੍ਰੈਂਪਟਨ, ਓਨਟੈਰੀਓ – ਭਾਵੇਂ ਤੁਸੀਂ ਆਪਣੇ ਪਾਲਤੂ ਜਾਨਵਰ ਨਾਲ ਛੁੱਟੀਆਂ ਦਾ ਸੀਜਨ ਬਿਤਾ ਰਹੇ ਹੋ, ਲੋੜਵੰਦ ਜਾਨਵਰਾਂ ਦੀ ਸਹਾਇਤਾ ਕਰਨਾ ਚਾਹੁੰਦੇ ਹੋ, ਜਾਂ ਤੁਸੀਂ ਜਾਨਵਰਾਂ-ਸਬੰਧੀ ਸਾਰੀਆਂ ਚੀਜ਼ਾਂ ਪਸੰਦ ਕਰਦੇ ਹੋ, ਤੁਸੀਂ ਅਗਲੇ 12 ਦਿਨਾਂ ਵਿੱਚ ਜ਼ਰੂਰ ਹਿੱਸਾ ਲੈਣਾ ਚਾਹੋਗੇ।

ਬ੍ਰੈਂਪਟਨ ਐਨੀਮਲ ਸ਼ੈਲਟਰ (Brampton Animal Shelter) ਆਪਣੇ 12 ਦਿਨਾਂ ਦੇ ਕ੍ਰਿਸਮਸ ਕਾਰਜਕਰਮ ਵਜੋਂ 7 ਤੋਂ 18 ਦਸੰਬਰ, 2018 ਤੱਕ, ਇਸ ਸੀਜਨ ਖੁਸ਼ੀਆਂ ਵੰਡ ਰਿਹਾ ਹੈ।

ਤੁਹਾਨੂੰ ਅਤੇ ਤੁਹਾਡੇ ਪਾਲਤੂ ਜਾਨਵਰਾਂ ਨੂੰ, ਦਾਨ ਸਬੰਧੀ ਕਾਰਜਕਰਮਾਂ ਲਈ ਸਾਡੇ ਨਾਲ ਜੁੜਨ ਅਤੇ ਵਧੀਆ ਇਨਾਮ ਜਿੱਤਣ ਦੇ ਮੌਕੇ ਅਤੇ ਤਿਓਹਾਰਾਂ ਦੀਆਂ ਗਤੀਵਿਧੀਆਂ ਲਈ ਸਾਡੇ ਕੋਲ ਆਉਣ ਦਾ ਸੱਦਾ ਦਿੱਤਾ ਜਾਂਦਾ ਹੈ।

ਤੁਸੀਂ ਕਿਵੇਂ ਸ਼ਾਮਲ ਹੋ ਸਕਦੇ ਹੋ?

7 ਦਸੰਬਰ – ਇੱਕ ਅਡਾਪਸ਼ਨ (ਗੋਦ ਲੈਣਾ) ਗਿਫਟ ਸਰਟੀਫਿਕੇਟ ਖਰੀਦੋ।

8 ਦਸੰਬਰ – ਦੁਪਹਿਰ 12 ਵਜੇ ਤੋਂ 3 ਵਜੇ ਤੱਕ ਡੌਗਟੋਪਿਆ ਬ੍ਰੈਂਪਟਨ (17 ਵੋਰਥਿੰਗਟਨ ਅਵੈਨਿਊ) (Dogtopia Brampton) (17 Worthington Avenue) ਵਿੱਚ ਆਪਣੇ ਪਾਲਤੂ ਜਾਨਵਰ ਦੀਆਂ ਸੈਂਟਾ ਫੋਟੋਆਂ ਖਿਚਵਾਓ। ਬਿੱਲੀਆਂ ਦਾ ਵੀ ਸੁਆਗਤ ਹੈ!

9 ਦਸੰਬਰ – ਬ੍ਰੈਂਪਟਨ ਐਨੀਮਲ ਸਰਵਿਸਿਜ (Brampton Animal Services) ਦੇ ਫੇਸਬੁੱਕ ਪੇਜ (Facebook page) ਤੇ ਸਾਡੀ ਛੁੱਟੀਆਂ ਦੀ ਪਾਲਤੂ ਜਾਨਵਰਾਂ ਦੀ ਫੋਟੋ ਪ੍ਰਤੀਯੋਗਿਤਾ ਵਿੱਚ ਸ਼ਾਮਲ ਹੋਵੋ। ਸਭ ਤੋਂ ਵੱਧ ਪਸੰਦ ਕੀਤੀ ਗਈ ਫੋਟੋ ਨੂੰ ਇੱਕ ਗਿਫਟ ਬਾਸਕੇਟ ਮਿਲੇਗੀ।

10 ਦਸੰਬਰ – ਐਮਰਜੈਂਸੀ ਸਥਿਤੀਆਂ ਵਿੱਚ ਲਾਵਾਰਸ ਪਾਲਤੂ ਜਾਨਵਰਾਂ ਦੀ ਮਦਦ ਕਰਨ ਲਈ ਹੋਪ (HOPE) ਫੰਡ ਵਿੱਚ ਦਾਨ ਕਰੋ ਅਤੇ ਆਪਣੇ ਪਾਲਤੂ ਜਾਨਵਰ ਲਈ ਹੱਥ ਨਾਲ ਲਿਖੇ ਅੱਖਰਾਂ ਵਾਲੀਆਂ ਜੁਰਾਬਾਂ ਲਓ।

11 ਦਸੰਬਰ – ਹੋਪ ਫੰਡ (HOPE Fund) ਵਿੱਚ ਦਾਨ ਕਰੋ ਅਤੇ ਪਾਲਤੂ ਜਾਨਵਰ ਦਾ ਇੱਕ ਨਿੱਜੀ ਬਣਾਇਆ ਟੈਗ ਲਓ।

12 ਦਸੰਬਰ – ਸਾਡੀ ਪਾਲਤੂ ਜਾਨਵਰਾਂ ਵਾਸਤੇ ਹੱਥ ਨਾਲ ਬਣਾਈਆਂ ਚੀਜ਼ਾਂ ਦੀ ਸੇਲ ਤੋਂ ਖਰੀਦਦਾਰੀ ਕਰੋ।

13 ਦਸੰਬਰ – ਸਾਡੀ ਹੱਥ ਨਾਲ ਬਣਾਏ ਓਰਨਾਮੈਂਟਸ ਦੀ ਸੇਲ ਤੋਂ ਖਰੀਦਦਾਰੀ ਕਰੋ।

14 ਦਸੰਬਰ – ਸਾਡੀ ਪਾਲਤੂ ਜਾਨਵਰਾਂ ਦੀ ਬੇਕਰੀ ਵਿੱਚ ਬੇਕ ਕੀਤੀਆਂ ਚੀਜ਼ਾਂ ਦੀ ਸੇਲ ਤੋਂ ਖਰੀਦਦਾਰੀ ਕਰੋ।

15 ਦਸੰਬਰ – ਐਮਾਜ਼ਾਨ ਵਿਸ਼ ਲਿਸਟ (Amazon Wish List) ਆਈਟਮਾਂ ਲਓ।

16 ਦਸੰਬਰ – ਔਨਲਾਈਨ ਦਾਨ ਕਰਕੇ ਸਾਡੇ ਹੋਪ (HOPE) ਫੰਡ ਵਿੱਚ ਸਹਾਇਤਾ ਕਰੋ।

17 ਦਸੰਬਰ – ਇੱਕ ਸਟਫਡ ਜਾਨਵਰ ਨੂੰ ਗੋਦ ਲਓ।

18 ਦਸੰਬਰ – ਸਾਡੇ ਮੁਫ਼ਤ ਮਾਈਕ੍ਰੋਚਿਪ ਕਲੀਨਿਕ (Microchip Clinic) ਆਓ। ਸਿਰਫ਼ ਬ੍ਰੈਂਪਟਨ ਵਾਸੀਆਂ ਲਈ। ਤੁਹਾਡੇ ਲਈ ਪ੍ਰੀ-ਰਜਿਸਟਰ (ਆਉਣ ਤੋਂ ਪਹਿਲਾਂ ਰਜਿਸਟਰ ਕਰਨਾ) ਜ਼ਰੂਰੀ ਹੈ, ਕਿਉਂਕਿ ਥਾਂ ਸੀਮਿਤ ਹੈ। 905.458.5800 ਤੇ ਫੋਨ ਕਰਕੇ ਰਜਿਸਟਰ ਕਰੋ।

ਬ੍ਰੈਂਪਟਨ ਐਨੀਮਲ ਸ਼ੈਲਟਰ (475 ਕ੍ਰਿਸਲਰ ਡ੍ਰਾਈਵ) ਵਿੱਚ ਵਿਅਕਤੀਗਤ ਕਾਰਜਕਰਮ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤੱਕ ਹੋਣਗੇ, ਜਦੋਂ ਤੱਕ ਕਿ ਹੋਰ ਤਰ੍ਹਾਂ ਨਾਲ ਸੂਚੀਬੱਧ ਨਾ ਕੀਤਾ ਜਾਵੇ। ਵਿਕਰੀ ਤੋਂ ਮਿਲਿਆ ਸਾਰਾ ਪੈਸਾ ਸਾਡੇ HOPE ਫੰਡ ਵਿੱਚ ਦਾਨ ਕੀਤਾ ਜਾਏਗਾ।

ਇਹਨਾਂ ਵਿੱਚੋਂ ਕਿਸੇ ਵੀ ਕਾਰਜਕਰਮ ਬਾਰੇ ਹੋਰ ਜਾਣਕਾਰੀ ਲਈ, www.brampton.ca/animalservices ਤੇ ਜਾਓ

**ਹਵਾਲਾ**

"ਦਾਨ ਕਰਨਾ ਛੁੱਟੀਆਂ ਦਾ ਮਹੱਤਵਪੂਰਨ ਹਿੱਸਾ ਹੈ – ਜਿਸ ਵਿੱਚ ਸਾਡੇ ਪਾਲਤੂ ਜਾਨਵਰਾਂ ਲਈ ਦਾਨ ਕਰਨਾ ਸ਼ਾਮਲ ਹੈ! ਬ੍ਰੈਂਪਟਨ ਐਨੀਮਲ ਸ਼ੈਲਟਰ ਇਸ ਸਾਲ ਕ੍ਰਿਸਮਸ ਦੇ 12 ਦਿਨਾਂ ਦੇ ਮਜ਼ੇਦਾਰ ਜਸ਼ਨ ਦਾ ਆਯੋਜਨ ਕਰ ਰਿਹਾ ਹੈ, ਜਿਸ ਵਿੱਚ ਅਡਾਪਸ਼ਨ ਗਿਫਟ ਸਰਟੀਫਿਕੇਟ ਪੇਸ਼ ਕਰਨਾ, ਹੋਪ (HOPE) ਫੰਡ ਲਈ ਦਾਨ ਇਕੱਠਾ ਕਰਨਾ ਅਤੇ ਇੱਕ ਮੁਫ਼ਤ ਮਾਈਕ੍ਰੋਚਿਪ ਕਲੀਨਿਕ ਦਾ ਆਯੋਜਨ ਵੀ ਸ਼ਾਮਲ ਹੈ। ਭਾਵੇਂ ਤੁਹਾਡੇ ਕੋਲ ਪਾਲਤੂ ਜਾਨਵਰ ਹੈ ਜਾਂ ਨਹੀਂ, 12 ਦਿਨਾਂ ਵਿੱਚ ਹਿੱਸਾ ਲੈਣਾ, ਛੁੱਟੀਆਂ ਦੇ ਇਸ ਸੀਜ਼ਨ ਵਿੱਚ ਸਾਡੇ ਭਾਈਚਾਰੇ ਵਿੱਚ ਸ਼ਾਮਲ ਹੋਣ ਦਾ ਵਧੀਆ ਤਰੀਕਾ ਹੈ।"

- *ਮੇਅਰ ਪੈਟਰਿਕ ਬ੍ਰਾਊਨ (Patrick Brown)*

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter, Facebook ਅਤੇ Instagram 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਮੋਨਿਕਾ ਦੁੱਗਲ (Monika Duggal)
ਕੋਆਰਡੀਨੇਟਰ, ਮੀਡੀਆ ਐਂਡ ਕਮਿਊਨਿਟੀ ਐਨਗੇਜਮੈਂਟ
ਸਟ੍ਰੈਟਜਿਕ ਕਮਿਊਨਿਕੇਸ਼ਨਸ
ਸਿਟੀ ਆਫ ਬ੍ਰੈਂਪਟਨ
905-874-3426 | Monika.Duggal@brampton.ca